# ਬੁਢਾਪਾ ਭੱਤਾ

1. ਪੰਜਾਬ ਸਰਕਾਰ ਨੇ ਆਪਣੇ ਪੈਨਸ਼ਨਰਾਂ/ਪਰਿਵਾਰਕ ਪੈਨਸ਼ਨਰਾਂ ਨੂੰ ਬੁਢਾਪਾ ਅਲਾਊਂਸ ਦੀ ਸਹੂਲਤ ਪਹਿਲੀ ਵਾਰ ਪੱਤਰ ਨੰ. 1/15/89/ਆਫੀ.ਐਫ.ਪੀ./III/8078 ਮਿਤੀ 31.8.89 ਅਨੁਸਾਰ ਦਿੱਤੀ ਹੈ।
2. ਬੁਢਾਪਾ ਭੱਤਾ 1.9.1989 ਤੋਂ ਲਾਗੂ ਹੋਇਆ।
3. ਪੈਨਸ਼ਨਰ/ਪਰਿਵਾਰਕ ਪੈਨਸ਼ਨਰ ਦੀ 70 ਸਾਲ ਦੀ ਉਮਰ ਹੋ ਜਾਣ ਤੇ ਮੁੱਢਲੀ ਮਨਜ਼ੂਰ ਪੈਨਸ਼ਨ ਦਾ 5% ਅਤੇ 80 ਸਾਲ ਦੀ ਉਮਰ ਹੋ ਜਾਣ ਤੇ ਹੋਰ 5% ਭਾਵ ਕੁੱਲ 10% ਬੁਢਾਪਾ ਭੱਤਾ ਮਿਲਣਯੋਗ ਸੀ।
4. ਪੰਜਾਬ ਸਰਕਾਰ ਦੇ ਪੱਤਰ ਨੰ. 1/7/93/ਆਈ.ਐਫ.ਪੀ. III/1343 ਮਿਤੀ 13.2.95 ਅਨੁਸਾਰ ਉਪਰੋਕਤ ਮਿਲਦੇ ਬੁਢਾਪਾ ਭੱਤੇ ਨੂੰ ਸਪੈਸ਼ਲ ਅਲਾਊਂਸ ਦੀ ਥਾਂ ਮਨਜ਼ੂਰ ਮੁੱਢਲੀ ਪੈਨਸ਼ਨ ਵਿੱਚ ਵਾਧਾ ਕਰਾਰ ਦਿੱਤਾ ਗਿਆ ਅਤੇ ਪੈਨਸ਼ਨ ਵਿੱਚ ਇਸ ਵਾਧੇ ਉਪਰ ਮਹਿੰਗਾਈ ਰਲੀਫ ਮਿਲਨ ਲੱਗ ਪਿਆ।
5. ਪੰਜਾਬ ਸਰਕਾਰ ਦੇ ਪੱਤਰ ਨੰ. 3/31/2000/3 ਐਫ.ਪੀ.ਪੀ.ਸੀ./8936 ਮਿਤੀ 22.11.2001 ਅਨੁਸਾਰ ਬੁਢਾਪਾ ਭੱਤਾ ਦੇਣ ਲਈ ਉਮਰ ਦੀ ਹੱਦ ਘਟਾ ਦਿੱਤੀ । ਜਿਸ ਅਨੁਸਾਰ 70 ਸਾਲ ਦੀ ਉਮਰ ਦੀ ਬਜਾਏ 65 ਸਾਲ ਅਤੇ 80 ਸਾਲ ਦੀ ਬਜਾਏ 75 ਸਾਲ ਦੀ ਉਮਰ ਕਰ ਦਿੱਤੀ। ਬੁਢਾਪਾ ਭੱਤੇ ਦੀ ਦਰ ਪਹਿਲਾਂ ਵਾਲੀ ਰਹਿਣ ਦਿੱਤੀ ਗਈ।
6. ਉਪਰੋਕਤ ਪੱਤਰ ਨੰ. 8936 ਮਿਤੀ 22.11.2001 ਪਹਿਲੀ ਜਨਵਰੀ 2001 ਤੋਂ ਲਾਗੂ ਹੋਇਆ।
7. ਜਿਸ ਮਹੀਨੇ ਪੈਨਸ਼ਨਰ/ਪਰਿਵਾਰਕ ਪੈਨਸ਼ਨਰ ਦੀ ਉਮਰ 65/70 ਸਾਲ ਹੋ ਜਾਂਦੀ ਹੈ ਉਸੇ ਮਹੀਨੇ ਦੀ ਪੈਨਸ਼ਨ ਨਾਲ ਬੁਢਾਪਾ ਭੱਤਾ ਮਿਲਣਯੋਗ ਹੁੰਦਾ ਹੈ।
8. ਬੁਢਾਪਾ ਅਲਾਊਂਸ ਪ੍ਰਾਪਤ ਕਰਨ ਲਈ ਪੈਨਸ਼ਨਰ/ਪਰਿਵਾਰਕ ਪੈਨਸ਼ਨਰ ਨੂੰ ਆਪਣੀ ਜਨਮ ਮਿਤੀ ਦਾ ਸਬੂਤ ਲਾ ਕੇ ਪੈਨਸ਼ਨ ਵਿਤਰਣ ਬੈਂਕ ਵਿੱਚ ਬਿਨੈ ਪੱਤਰ ਦੇਣਾ ਹੁੰਦਾ ਹੈ।
9. ਪੈਨਸ਼ਨਰ ਦੀ ਜਨਮ ਮਿਤੀ ਤਾਂ ਪੀ.ਪੀ.ਓ. ਵਿੱਚ ਦਰਜ ਹੁੰਦੀ ਹੈ ਪਰ ਪਰਿਵਾਰਕ ਪੈਨਸ਼ਨਰਾਂ ਦੀ ਜਨਮ ਮਿਤੀ ਪੀ.ਪੀ.ਓ. ਵਿੱਚ ਆਮ ਕਰਕੇ ਦਰਜ ਨਹੀਂ ਹੁੰਦੀ ਸੀ ਜੋ ਹੁਣ ਨਵੇਂ ਪੀ.ਪੀ.ਓ. ਵਿੱਚ ਦਰਜ ਕੀਤੀ ਜਾ ਰਹੀ ਹੈ।
10. ਜਨਮ ਮਿਤੀ ਦੇ ਸਬੂਤ ਲਈ ਸਕੂਲੀ ਸਰਟੀਫਿਕੇਟ, ਪਾਸਪੋਰਟ ਜਾਂ ਸਿਵਲ ਸਰਜਨ ਵੱਲੋਂ ਜਾਰੀ ਜਨਮ ਸਰਟੀਫਿਕੇਟ, ਸੇਵਾ ਪੱਤਰੀ ਵਿੱਚ ਦਰਜ ਜਨਮ ਮਿਤੀ ਪ੍ਰਮਾਣਿਤ ਸਬੂਤ ਮੰਨਿਆ ਜਾਂਦਾ ਹੈ। ਵੋਟਰ ਸ਼ਨਾਖਤੀ ਕਾਰਡ ਜਾਂ ਰਾਸ਼ਨ ਕਾਰਡ ਨੂੰ ਪ੍ਰਮਾਣਿਤ ਸਬੂਤ ਨਹੀਂ ਮੰਨਿਆ ਜਾਂਦਾ ।
11. ਜੇਕਰ ਜਨਮ ਮਿਤੀ ਦਾ ਕੋਈ ਪ੍ਰਮਾਣਿਤ ਸਬੂਤ ਨਾ ਹੋਵੇ ਤਾਂ ਸਬੰਧਤ ਸਿਵਲ ਸਰਜਨ ਪਾਸੋਂ ਉਮਰ ਦਾ ਸਰਟੀਫਿਕੇਟ ਵਿਧੀ ਪੂਰਵਰਕ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਹਾਲਤ ਵਿੱਚ ਉਮਰ ਦੇ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਮਹੀਨੇ ਦੀ ਪੈਨਸ਼ਨ ਨਾਲ ਬੁਢਾਪਾ ਅਲਾਊਂਸ ਮਿਲੇਗਾ ਅਤੇ ਸਿਵਲ ਸਰਜਨ ਦੁਆਰਾ ਜਾਰੀ ਪ੍ਰਮਾਣ ਪੱਤਰ ਨੱਥੀ ਕਰਕੇ ਬੈਂਕ ਵਿੱਚ ਬਿਨੈ ਪੱਤਰ ਦੇਣਾ ਹੋਵੇਗਾ।
12. ਪੰਜਾਬ ਸਰਕਾਰ ਦੇ ਪੱਤਰ ਨੰ. 1/15/83/ਆਈ.ਐਫ.ਪੀ.-III/581 ਮਿਤੀ 18.1.90 ਅਨੁਸਾਰ ਬੁਢਾਪਾ ਭੱਤਾ ਦਿੰਦੇ ਸਮੇਂ ਰੁ. ਦਾ ਕੋਈ ਵੀ ਭਾਗ ਬਚੇ ਉਸਨੂੰ ਪੂਰਾ ਰੁ. ਹੀ ਗਿਨਣਾ ਹੈ।
13. ਪੰਜਾਬ ਸਰਕਾਰ ਦੇ ਪੱਤਰ ਦੇ 3/31/2001/3 ਐਫ.ਪੀ.ਪੀ.ਸੀ./1415 ਮਿਤੀ 1.9.2007 ਅਨੁਸਾਰ ਸਪਸ਼ਟੀਕਰਨ ਦਿੱਤਾ ਗਿਆ ਹੈ ਕਿ ਬੁਢਾਪਾ ਭੱਤਾ ਦੋਨਾਂ ਪੈਨਸ਼ਨਾਂ ਭਾਵ ਆਪਣੀ ਪੈਨਸ਼ਨ ਅਤੇ ਪਰਿਵਾਰਕ ਪੈਨਸ਼ਨ ਤੇ ਬਣਦੀ ਦਰ ਅਨੁਸਾਰ ਮਿਲਣਯੋਗ ਹੈ।
14. ਪੰਜਾਬ ਸਰਕਾਰ ਦੇ ਪੱਤਰ ਨੰ. ਦੇ 59-ਐਮ.ਐਲ.ਏ. - ਪੈਨਸ਼ਨ 88/9418 ਮਿਤੀ ਮਈ 2003 ਅਨੁਸਾਰ ਐਮ.ਐਲ.ਏ./ਵਜ਼ੀਰਾਂ ਨੂੰ 80 ਸਾਲ ਦੀ ਉਮਰ ਹੋ ਜਾਣ ਤੇ ਹੋਰ 5% ਭਾਵ ਕੁਲ 15% ਬੁਢਾਬਾ ਭੱਤਾ ਮਿਲਦਾ ਹੈ। ਰਾਜ ਸਰਕਾਰ ਦੇ ਪੈਨਸ਼ਨਰਾਂ/ਪਰਿਵਾਰਕ ਪੈਨਸ਼ਨਰਾਂ ਨੂੰ ਇਸ ਸਹੂਲਤ ਤੋਂ ਅਜੇ ਤੱਕ ਵਾਂਝਾ ਰੱਖਿਆ ਗਿਆ ਹੈ।
15. 1.11.06 ਤੋਂ ਮਿਲੀ 5% ਅੰਤਰਮ ਨੂੰ ਮੁੱਢਲੀ ਤਨਖਾਹ/ਪੈਨਸ਼ਨ ਮੰਨਦੇ ਹੋਏ ਬੁਢਾਪਾ ਭੱਤਾ ਦਿੱਤਾ ਜਾਂਦਾ ਹੈ ਅਤੇ ਬੁਢਾਪਾ ਭੱਤੇ ਉਪਰ ਮਹਿੰਗਾਈ ਭੱਤਾ ਵੀ ਦਿੱਤਾ ਜਾਂਦਾ ਹੈ।
16. ਬੁਢਾਪਾ ਭੱਤਾ - ਬੁਢਾਪਾ ਭੱਤੇ ਦੀ ਪਹਿਲੀ ਵਿਧੀ ਜਾਰੀ ਰੱਖਦੇ ਹੋਏ 80 ਸਾਲ ਤੋਂ ਅੱਗੇ ਵੀ ਇਸ ਨੂੰ ਪੈਨਸ਼ਨ ਵਿੱਚ ਵਾਧਾ ਕਰ ਦਿੱਤਾ ਹੈ, ਜੋ ਨਿਮਨਲਿਖਤ ਅਨੁਸਾਰ ਹੈ-

| | | | | | | | |
|---|---|---|---|---|---|---|---|
| 65 ਸਾਲ | = | ਉਹੀ 5% | ਮੁਢਲੀ | ਦੁਹਰਾਈ | ਪੈਨਸ਼ਨ | ਦਾ | |
| 75 ਸਾਲ | = | ਉਹੀ 10% | ” | ” | ” | ” | ” |
| 80 ਸਾਲ | = | ਉਹੀ 20% | ” | ” | ” | ” | ” |
| 85 ਸਾਲ | = | ਉਹੀ 30% | ” | ” | ” | ” | ” |
| 90 ਸਾਲ ਤੋਂ ਉਪਰ | = | ਉਹੀ 40% | ” | ” | ” | ” | ” |
| 95 ਸਾਲ ਤੋਂ ਉਪਰ | = | ਉਹੀ 50% | ” | ” | ” | ” | ” |
| 100 ਸਾਲ ਤੋਂ ਉਪਰ | = | ਉਹੀ 100% | ” | ” | ” | ” | ” |

ਉਪਰੋਕਤ ਬੁਢਾਪਾ ਭੱਤੇ ਉਪਰ ਮਹਿੰਗਾਈ ਭੱਤਾ ਮਨਜ਼ੂਰ ਦਰਾਂ ਅਨੁਸਾਰ ਮਿਲਦਾ ਰਹੇਗਾ। ਇਹ ਵਧੇ ਦਰ ਦਾ ਬੁਢਾਪਾ ਭੱਤਾ 1.8.09 ਤੋਂ ਲਾਗੂ ਹੋਵੇਗਾ। ਸੋ ਜਿਨ੍ਹਾਂ ਪੈਨਸ਼ਨਰਾਂ ਨੂੰ ਉਮਰ ਅਨੁਸਾਰ ਬੁਢਾਪਾ ਭੱਤਾ ਵਧੀ ਦਰ 'ਤੇ ਮਿਲਣਾ ਹੈ, ਉਹ ਕੇਵਲ 1.8.2009 ਤੋਂ ਪ੍ਰਾਪਤ ਕਰ ਸਕਣਗੇ। ਪਿਛਲਾ ਬਕਾਇਆ ਵਧੀ ਦਰ ਅਨੁਸਾਰ ਨਹੀਂ ਮਿਲੇਗਾ।

17. ਪਹਿਲੇ ਨਿਯਮਾਂ ਵਿਚ ਸੋਧ ਕਰਕੇ ਬੁਢਾਬਾ ਭੱਤੇ ਨੂੰ ਲਾਗੂ ਕਰਨ ਲਈ ਪੈਨਸ਼ਨਰ ਦੇ ਜਨਮ ਮਿਤੀ ਵਾਲੇ ਮਹੀਨੇ ਤੋਂ ਹੀ ਲਾਗੂ ਕੀਤਾ ਜਾਵੇਗਾ। ਜੋ ਪਹਿਲਾ ਜਨਮ ਮਿਤੀ ਤੋਂ ਅਗਲੇ ਮਹੀਨੇ ਤੋਂ ਮਿਲਣਯੋਗ ਸੀ।

18. ਪੰਜਾਬ ਸਰਕਾਰ ਨੇ ਪੱਤਰ ਨੰ. 3/23/09/3FPPC/1402 ਮਿਤੀ 22.12.11 ਅਨੁਸਾਰ ਪੈਨਸ਼ਨਰਾਂ ਅਤੇ ਪ੍ਰੀਵਾਰਕ ਪੈਨਸ਼ਨਰਾਂ ਨੂੰ ਮਿਲਦੇ। ਬੁਢਾਪਾ ਭੱਤੇ ਜਿਸਨੂੰ ਹੁਣ ਅਡੀਸ਼ਨਲ ਪੈਨਸ਼ਨ ਕਹਿੰਦੇ ਹਨ ਵਿੱਚ ਹੇਠ ਲਿਖੇ ਅਨੁਸਾਰ 1.12.11 ਤੋਂ ਸੋਧ ਕਰ ਦਿੱਤੀ ਹੈ।

| | | | | | | |
|---|---|---|---|---|---|---|
| 65 ਸਾਲ ਦੀ ਉਮਰ ਹੋਣ ਤੇ | = | | ਮੁਢਲੀ | ਪੈਨਸ਼ਨ | ਦਾ | 5% |
| 70 ਸਾਲ | = | ਉਹੀ | ” | ” | ” | 10% |
| 75 ਸਾਲ | = | ਉਹੀ | ” | ” | ” | 15% |
| 80 ਸਾਲ | = | ਉਹੀ | ” | ” | ” | 25% |
| 85 ਸਾਲ | = | ਉਹੀ | ” | ” | ” | 35% |
| 90 ਸਾਲ | = | ਉਹੀ | ” | ” | ” | 45% |
| 95 ਸਾਲ | = | ਉਹੀ | ” | ” | ” | 55% |
| 100 ਸਾਲ | = | ਉਹੀ | ” | ” | ” | 100% |